ਦਫਤਰ ਡਾਇਰੈਕਟਰ ਸਿਖਿਆ ਵਿਭਾਗ(ਸੈ:ਸਿ:)ਪੰਜਾਬ,ਐਸ.ਏ.ਐਸ.ਨਗਰ

(ਸਪੋਰਟਸ ਸ਼ਾਖਾ)

ਹੁਕਮ ਨੰ: ਸਪੋ./ਮੈਰਾਥਨ-2018 ਸਪੋਰਟਸ ਕਮੇਟੀ
ਮਿਤੀ,ਐਸ.ਏ.ਐਸ.ਨਗਰ : 04-07-2018

ਪੰਜਾਬ ਸਰਕਾਰ ਵੱਲੋਂ ਚਲਾਏ ਗਏ ਖੇਲ੍ਹੋ ਪੰਜਾਬ ਤਹਿਤ ਮਿਸ਼ਨ ਤੰਦਰੁਸਤ ਅਧੀਨ ਸਿੱਖਿਆ ਵਿਭਾਗ ਵੱਲੋਂ ਫੈਸਲਾ ਲਿਆ ਗਿਆ ਹੈ ਕਿ ਪੰਜਾਬ ਰਾਜ ਦੇ ਸਮੂਹ ਸਰਕਾਰੀ ਅਤੇ ਸਹਾਇਤਾ ਪ੍ਰਾਪਤ ਸਕੂਲਾਂ ਦੇ ਵਿਦਿਆਰਥੀ/ ਵਿਦਿਆਰਥਣਾਂ ਦੀ ਮਿਤੀ 07-07-2018 ਨੂੰ ਆਪਣੇ ਆਪਣੇ ਸਕੂਲ ਪੱਧਰ ਤੇ ਮੈਰਾਥਨ ਦੌੜ ਲਗਵਾਈ ਜਾਵੇ ਜਿਸ ਵਿਚ ਪ੍ਰਾਇਮਰੀ(ਅੰ:-11) ਆਯੂ ਗੁਟ ਦੀ ਵਿਦਿਆਰਥਣਾਂ 1 ਕਿਲੋਮੀਟਰ ਅਤੇ ਵਿਦਿਆਰਥੀ 2 ਕਿਲੋਮੀਟਰ, ਇਸੇ ਤਰ੍ਹਾਂ ਮਿਡਲ, ਹਾਈ ਸਕੂਲ (ਅੰ:-14,17) ਦੀ ਵਿਦਿਆਰਥਣਾਂ3 ਕਿਲੋਮੀਟਰ ਅਤੇ ਵਿਦਿਆਰਥੀ 5 ਕਿਲੋਮੀਟਰ ਅਤੇ ਸੀਨੀਅਰ ਸੈਕੰਡਰੀ (ਅੰ:-19) ਦੀ ਵਿਦਿਆਰਥਣਾਂ 4 ਕਿਲੋਮੀਟਰ ਅਤੇ ਵਿਦਿਆਰਥੀ 6 ਕਿਲੋਮੀਟਰ ਦੀ ਮੈਰਾਥਨ ਦੌੜ ਲਗਾਉਣਗੇ । ਜਿਹੜੇ ਵਿਦਿਆਰਥੀ/ ਵਿਦਿਆਰਥਣਾਂ ਪਹਿਲੇ, ਦੂਜੇ ਅਤੇ ਤੀਜੇ ਸਥਾਨ ਤੇ ਆਉਂਦੇ ਹਨ ਉਹਨਾਂ ਨੂੰ ਸਕੂਲ ਪੱਧਰ ਤੇ ਸਨਮਾਨਿਤ ਕਰਕੇ ਉਹਨਾਂ ਦੀ ਹੌਸਲਾ ਅਫਜਾਈ ਕੀਤੀ ਜਾਵੇ । ਜੇਕਰ ਸਕੂਲ ਮੁਖੀ ਮੌਸਮ ਦੇ ਅਨੁਸਾਰ ਸਵੇਰ ਦਾ ਸਮਾਂ 07:00 ਵਜੇ ਰੱਖਣਾਂ ਚਾਹੁੰਦੇ ਹਨ, ਤਾਂ ਉਹ ਰੱਖ ਸਕਦੇ ਹਨ ਅਤੇ ਇਸ ਦੇ ਇਵਜ. ਵਿੱਚ ਉਹ ਇੱਕ ਘੰਟਾ ਪਹਿਲਾਂ ਸਕੂਲ ਦੀ ਛੁੱਟੀ ਕਰ ਸਕਦੇ ਹਨ।

2. ਪ੍ਰਾਇਮਰੀ ਸਕੂਲਾਂ ਦੀ ਮੈਰਾਥਨ ਦੌੜ ਆਪਣੇ ਆਪਣੇ ਸਕੂਲ ਦੇ ਸਟਾਫ ਅਤੇ ਹੈਡ ਟੀਚਰ ਵੱਲੋਂ ਕਰਵਾਈ ਜਾਵੇਗੀ ਅਤੇ ਸਕੂਲ ਦਾ ਸਟਾਫ ਵੀ ਇਸ ਦੌੜ ਵਿਚ ਭਾਗ ਲਵੇਗਾ ਜੇਕਰ ਕੋਈ ਕਰਮਚਾਰੀ ਦੌੜ ਨਹੀਂ ਸਕਦਾ ਤਾਂ ਉਹ ਤੇਜ ਪੈਦਲ ਚਲਕੇ ਭਾਗ ਲਵੇਗਾ। ਇਸ ਮੈਰਾਥਨ ਦੌੜ ਦੀ ਦੇਖ-ਰੇਖ ਸਬੰਧਤ ਸੈਂਟਰ ਹੈਡ ਟੀਚਰ ਅਤੇ ਸਬੰਧਤ ਬੀ.ਪੀ.ਈ.ਓ.,ਉਪ ਜਿ.ਸਿ.ਅ. (ਐਲੀ.ਸਿ.) ਅਤੇ ਜਿ.ਸਿ.ਅ. (ਐਲੀ.ਸਿ.) ਕਰਨਗੇ ।

3. ਮਿਡਲ,ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੀ ਮੈਰਾਥਨ ਦੌੜ ਇਹਨਾਂ ਸਕੂਲਾਂ ਵਿਚ ਨਿਯੁਕਤ ਪੀ.ਟੀ.ਆਈ., ਡੀ.ਪੀ.ਈ. ਅਤੇ ਫਿਜੀਕਲ ਲੈਕ. ਵੱਲੋਂ ਕਰਵਾਈ ਜਾਵੇਗੀ ਅਤੇ ਸਕੂਲ ਦਾ ਸਟਾਫ ਵੀ ਇਸ ਦੌੜ ਵਿਚ ਭਾਗ ਲਵੇਗਾ ਜੇਕਰ ਕੋਈ ਕਰਮਚਾਰੀ ਦੌੜ ਨਹੀਂ ਸਕਦਾ ਤਾਂ ਉਹ ਤੇਜ ਪੈਦਲ ਚਲਕੇ ਭਾਗ ਲਵੇਗਾ। ਇਸ ਮੈਰਾਥਨ ਦੌੜ ਦੀ ਦੇਖ-ਰੇਖ ਸਬੰਧਤ ਸਕੂਲ ਦੇ ਮੁੱਖ ਅਧਿਆਪਕ/ਪ੍ਰਿੰਸੀਪਲ, ਸਹਾਇਕ ਸਿੱਖਿਆ ਅਫਸਰ (ਖੇਡਾਂ),ਉਪ ਜਿ. ਸਿ. ਅ.(ਸੈ:ਸਿ:), ਜਿ. ਸਿ. ਅ.(ਸੈ:ਸਿ:) ਅਤੇ ਵਿਭਾਗ ਦੇ ਵੱਖ ਵੱਖ ਡਾਇਰੈਕਟੋਰੇਟਾਂ ਵੱਲੋਂ ਹਰੇਕ ਜਿਲ੍ਹੇ ਵਿਚ ਨਿਯੁਕਤ ਕੀਤੇ ਗਏ ਨੋਡਲ ਅਫਸਰ ਸਕੂਲਾਂ ਵਿੱਚ ਲਗਵਾਈ ਜਾ ਰਹੀ ਮੈਰਾਥਨ ਦੌੜ ਦੀ ਅਚਨਚੇਤ ਚੈਕਿੰਗ ਕਰਨਗੇ ਅਤੇ ਰਿਪੋਰਟ ਵਿਭਾਗ/ਸਪੋਰਟਸ ਸ਼ਾਖਾ ਨੂੰ ਆਪਣੇ ਸੁਝਾਵਾਂ ਸਮੇਤ ਭੇਜਣਗੇ।

4. ਅੰਮ੍ਰਿਤਸਰ ਸ਼ਹਿਰ ਵਿਚ ਮਾਨਯੋਗ ਸਿੱਖਿਆ,ਸੁਤੰਤਰਤਾ ਸੰਗਰਾਮੀ ਅਤੇ ਵਾਤਾਵਰਣ ਮੰਤਰੀ,ਪੰਜਾਬ ਮੈਰਾਥਨ ਦੌੜ ਨੂੰ ਹਰੀ ਝੰਡੀ ਦਿਖਾਕੇ ਦੌੜ ਸ਼ੁਰੂ ਕਰਵਾਉਣਗੇ। ਇਸ ਦੌੜ ਵਿਚ ਅੰਮ੍ਰਿਤਸਰ ਸ਼ਹਿਰ ਦੇ 1000 ਲੜਕੇ ਅਤੇ 1000 ਲੜਕੀਆਂ ਭਾਗ ਲੈਣਗੇ । ਇਹ ਦੌੜ ਜੱਲ੍ਹਿਆਂ ਵਾਲੇ ਬਾਗ ਤੋਂ ਸ਼ੁਰੂ ਹੋਕੇ ਕੰਪਨੀ ਬਾਗ ਵਿਖੇ ਮਹਾਤਮਾ ਗਾਂਧੀ ਜੀ ਦੇ ਬੁੱਤ ਤੱਕ ਲਗਾਈ ਜਾਵੇਗੀ। ਜਿ.ਸਿ.ਅਫਸਰ(ਸੈ:ਸਿ:) ਅਤੇ (ਐਲੀ.ਸਿ.)ਆਪਸ ਵਿਚ ਤਾਲਮੇਲ ਕਰਕੇ ਇਸ ਦਾ ਢੁਕਵਾਂ ਪ੍ਰਬੰਧ ਕਰਨਗੇ। ਇਸ ਪ੍ਰੋਗਰਾਮ ਦੇ ਓਵਰਆਲ ਇੰਚਾਰਜ ਜਿਲਾ ਸਿੱਖਿਆ ਅਫਸਰ(ਸੈ:ਸਿ:)ਅੰਮ੍ਰਿਤਸਰ ਹੋਣਗੇ।

5. ਸਮੂਹ ਸਕੂਲਾਂ ਦੇ ਹੈਡ ਟੀਚਰ (ਪ੍ਰਾਇਮਰੀ ਸਕੂਲ),ਮੁੱਖ ਅਧਿਆਪਕ, ਪ੍ਰਿੰਸੀਪਲ/ਸਕੂਲ ਇੰਚਾਰਜ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੇ ਆਪਣੇ ਸਕੂਲ ਦੇ ਨਜਦੀਕੀ ਡਿਸਪੈਂਸਰੀ/ਸਰਕਾਰੀ ਹਸਪਤਾਲ ਨਾਲ ਮੈਰਾਥਨ ਦੌੜ ਤੋਂ ਪਹਿਲਾਂ

Scanned by CamScanner

ਅਗੇਤਰੇ ਪ੍ਰਬੰਧ ਕਰਨ ਲਈ ਰਾਬਤਾ ਕਾਇਮ ਕਰਨਾ ਲਾਜ਼ਮੀ ਬਣਾਉਣ ਤਾਂ ਜੋ ਕਿਸੇ ਵੀ ਤਰ੍ਹਾਂ ਦੀ ਅਣਸੁਖਾਵੀਂ ਘਟਨਾ ਵਾਪਰਨ ਜਾਂ ਕਿਸੇ ਵਿਦਿਆਰਥੀ ਦੀ ਅਚਨਚੇਤ ਤਬੀਅਤ ਖਰਾਬ ਹੋਣ ਤੇ ਲੋੜੀਦੀ ਮੁਢਲੀ ਸਹਾਇਤਾ/ਮੈਡੀਕਲ ਸਹਾਇਤਾ ਮੁਹੱਈਆ ਕਰਵਾਈ ਜਾ ਸਕੇ ।

6. ਕਿਸੇ ਵੀ ਅਜਿਹੇ ਵਿਦਿਆਰਥੀ/ਵਿਦਿਆਰਥਣ ਨੂੰ ਮੈਰਾਥਨ ਦੌੜ ਵਿਚ ਭਾਗ ਨਾ ਲੈਣ ਦਿੱਤਾ ਜਾਵੇ ਜੋ ਪਿਛਲੇ ਲੰਮੇ ਸਮੇਂ ਤੋਂ ਬੀਮਾਰ ਚਲ ਰਿਹਾ ਹੋਵੇ ਜਾਂ ਉਸ ਦਿਨ ਉਸਦੀ ਤਬੀਅਤ ਠੀਕ ਨਾ ਹੋਵੇ ।

<u>ਮੈਰਾਥਨ ਦੌੜ ਲਗਾਉਣ ਉਪਰੰਤ ਹੇਠ ਦਰਸਾਈਆਂ ਕ੍ਰਮਵਾਰ ਕ੍ਰਿਰਿਆਵਾਂ ਕਰਵਾਈਆਂ ਜਾਣ:-</u>

1. ਵਾਤਾਵਰਣ ਨੂੰ ਹਰਿਆ ਭਰਿਆ ਰੱਖਣ ਲਈ ਵਣ ਮਹਾਂਉਤਸਵ ਦੀ ਤਰ੍ਹਾਂ ਮਨਾਉਂਦੇ ਹੋਏ ਸਕੂਲਾਂ ਵਿਚ ਪੌਦੇ ਲਗਾਏ ਜਾਣ ਅਤੇ ਪਹਿਲਾਂ ਲੱਗੇ ਪੌਦਿਆਂ ਅਤੇ ਦਰਖਤਾਂ ਦੀ ਸਾਂਭ-ਸੰਭਾਲ ਕਰਦੇ ਹੋਏ ਬੱਚਿਆਂ ਨੂੰ ਦਰੱਖਤਾਂ ਦੀ ਮਹੱਤਤਾ ਬਾਰੇ ਜਾਗਰੂਕ ਕੀਤਾ ਜਾਵੇ।

2. ਉਡਾਣ ਪ੍ਰੋਜੈਕਟ ਤਹਿਤ ਹੁਣ ਤੱਕ ਪੁੱਛੇ ਗਏ ਸਵਾਲਾਂ ਦੇ ਆਧਾਰ ਤੇ ਬੱਚਿਆਂ ਦੇ ਵੱਖ ਵੱਖ ਗਰੁੱਪਾਂ ਦਾ ਮੁਕਾਬਲਾ ਕਰਵਾਇਆ ਜਾਵੇਗਾ। ਪ੍ਰਸ਼ਨ ਪੱਤਰ ਮੁੱਖ ਦਫਤਰ ਵੱਲੋਂ ਭੇਜ ਦਿੱਤਾ ਜਾਵੇਗਾ।

3. ਬੱਚਿਆਂ ਨੂੰ ਭਾਸ਼ਣ ਦੇ ਕੇ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਜਾਵੇਗਾ।

4. ਬੱਚਿਆਂ ਨੂੰ ਪੰਜਾਬ ਦੀਆਂ ਵਿਰਾਸਤੀ ਖੇਡਾਂ ਜਿਵੇਂ ਕਿ ਛੂਹਣ ਛੁਹਾਈ, ਕੋਟਲਾ ਛਪਾਕੀ, ਲੀਡਰ ਲੱਭਣਾ, ਬਿੱਲੀ ਚੂਹਾ, ਰੁਮਾਲ ਚੁੱਕਣਾ, ਮਾਲੋਂ ਘੋੜੀ, ਚੱਕਰ ਵਾਲੀ ਖੋ ਖੋ, ਸਟਾਪੂ/ਪੀਚੋ, ਪੀਚੋ ਬੱਕਰੀ, ਲੰਗੜੀ ਟੰਗ, ਅੰਨਾ ਝੋਟਾ, ਖੂੰਜਾ ਨੱਪਣਾ ਆਦਿ ਕਰਵਾਈਆਂ ਜਾਣ।

ਕ੍ਰਿਸ਼ਨ ਕੁਮਾਰ
ਸਕੱਤਰ ਸਕੂਲ ਸਿੱਖਿਆ

ਪਿੱਠ ਅੰਕਣ ਨੰ: ਉਕਤ, ਮਿਤੀ,ਐਸ.ਏ.ਐਸ.ਨਗਰ :04-07-2018

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਪੀ.ਐਸ.ਟੂ ਸਕੱਤਰ ਸਕੂਲ ਸਿੱਖਿਆ ਜੀ ।
2. ਪੀ.ਏ.ਟੂ ਡਾਇਰੈਕਟਰ ਸਿੱਖਿਆ ਵਿਭਾਗ(ਸੈ:ਸਿ:)
3. ਪੀ.ਏ.ਟੂ ਡਾਇਰੈਕਟਰ ਸਿੱਖਿਆ ਵਿਭਾਗ(ਐਲੀ.ਸਿ.)
4. ਸਮੂਹ ਨੋਡਲ ਅਫਸਰ ।
5. ਸਮੂਹ ਜਿਲਾ ਸਿੱਖਿਆ ਅਫਸਰ (ਸੈ:ਸਿ:)
6. ਸਮੂਹ ਜਿਲਾ ਸਿੱਖਿਆ ਅਫਸਰ (ਐਲੀ.ਸਿ.)
7. ਸਮੂਹ ਸਹਾਇਕ ਸਿੱਖਿਆ ਅਫਸਰ (ਖੇਡਾਂ) ।

3/7/18
ਡਿਪਟੀ ਡਾਇਰੈਕਟਰ (ਫਿਜ਼ੀ:ਐਜੂ:)

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ.) ਅੰਮ੍ਰਿਤਸਰ।
ਪੱਤਰ ਨੰ: ਖੂ-ਵੀ-6/2018-4940 ਮਿਤੀ ਅੰਮ੍ਰਿਤਸਰ। 5/7/18
ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

5/7/18
ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ.)
ਅੰਮ੍ਰਿਤਸਰ।

Scanned by CamScanner